# ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ.ਨਗਰ

## ਪ੍ਰੋਸੈੱਸ ਸਰਵਰ (ਗਰੁੱਪ ਡੀ) ਦੀਆਂ ਆਸਾਮੀਆਂ ਸੰਬਧੀ ਨੋਟਿਸ

| ਰੋਜ਼ਗਾਰ ਨੋਟਿਸ ਨੰਬਰ | ਅਰਜ਼ੀਆਂ ਦੀ ਪ੍ਰਾਪਤੀ ਦੀ ਆਖਰੀ ਮਿਤੀ (ਆਨਲਾਇਨ ਵਿਧੀ ਰਾਹੀਂ) |
|---|---|
| 92/ਪਲਸਾ/2025 | 08.07.2025 |

ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਰਾਜ ਭਰ ਦੇ ਜਿਲਾ ਹੈੱਡ ਕੁਆਟਰਾਂ ਤੇ ਸਥਾਪਿਤ ਸਥਾਈ ਲੋਕ ਅਦਾਲਤਾਂ (ਜਨ ਉਪਯੋਗੀ ਸੇਵਾਵਾਂ) ਲਈ **22 ਪ੍ਰੋਸੈੱਸ ਸਰਵਰ (ਗਰੁੱਪ ਡੀ)** ਦੀਆਂ ਅਸਾਮੀਆਂ ਭਰਨ ਸੰਬੰਧੀ ਯੋਗ ਉਮੀਦਵਾਰਾਂ ਤੋਂ ਆਨਲਾਈਨ ਵਿਧੀ ਰਾਹੀਂ ਬਿਨੈ ਪੱਤਰਾਂ ਦੀ ਮੰਗ ਕੀਤੀ ਜਾਂਦੀ ਹੈ। ਕੈਟਾਗਿਰੀ ਵਾਈਜ਼ ਅਸਾਮੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਕੈਟਾਗਿਰੀ | ਗਿਣਤੀ |
|---|---|
| ਜਨਰਲ | 6 |
| ਜਨਰਨ (ਇਸਤਰੀ) | 3 |
| ਅਨੁਸੂਚਿਤ ਜਾਤੀ | 3 |
| ਅਨੁਸੂਚਿਤ ਜਾਤੀ (ਇਸਤਰੀ) | 2 |
| ਅਨੁਸੂਚਿਤ ਜਾਤੀ (ਸਾਬਕਾ ਫੌਜੀ) | 1 |
| ਸਾਬਕਾ ਫੌਜੀ | 1 |
| ਸਾਬਕਾ ਫੌਜੀ (ਇਸਤਰੀ) | 1 |
| ਪੱਛੜੀ ਸ਼੍ਰੇਣੀ | 1 |
| ਪੱਛੜੀ ਸ਼੍ਰੇਣੀ (ਇਸਤਰੀ) | 1 |
| ਜਨਰਲ (EWS) | 1 |
| ਜਨਰਲ (EWS ਇਸਤਰੀ) | 1 |
| ਦਿਵਿਆਂਗ<br>(Blind/Low vision) | 1 |

ਨੋਟ:-

- ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਕੋਲ ਕਿਸੇ ਵੀ ਪੜਾਅ ਤੇ ਅਸਾਮੀਆਂ ਦੀ ਗਿਣਤੀ ਵਧਾਉਣ ਜਾਂ ਘਟਾਉਣ ਦਾ ਅਧਿਕਾਰ ਰਾਖਵਾਂ ਰਹੇਗਾ।

**1. ਉਮਰ ਸੀਮਾ:**

- ਬਿਨੈਕਾਰ ਦੀ ਉਮਰ ਮਿਤੀ 01.01.2025 ਨੂੰ ਪੰਜਾਬ ਰਾਜ (ਗਰੁੱਪ 'ਡੀ') ਸੇਵਾ ਨਿਯਮਾਂ, 1963 ਵਿੱਚ ਦਰਜ ਹੇਠਲੀ ਅਤੇ ਉੱਪਰਲੀ ਉਮਰ ਸੀਮਾ ਦੇ ਉਪਬੰਧਾਂ ਅਨੁਸਾਰ ਹੋਣੀ ਚਾਹੀਦੀ ਹੈ।

- ਅਨੁਸੂਚਿਤ ਜਾਤੀ ਅਤੇ ਪੱਛੜੀ ਸ਼੍ਰੇਣੀ ਦੇ ਉਮੀਦਵਾਰਾਂ ਨੂੰ ਉੱਪਰਲੀ ਉਮਰ ਸੀਮਾ ਵਿੱਚ 5 ਸਾਲ ਦੀ ਛੋਟ ਹੋਵੇਗੀ।
- ਸਾਬਕਾ ਫੌਜੀਆਂ ਨੂੰ Punjab Recruitment of Ex Servicemen Rules 1982 ਦੇ ਉਪਬੰਧਾਂ ਅਨੁਸਾਰ ਉਮਰ ਸੀਮਾ ਵਿੱਚ ਛੋਟ ਹੋਵੇਗੀ।
- ਜੇਕਰ ਉਮੀਦਵਾਰ ਪੰਜਾਬ ਸਰਕਾਰ, ਹੋਰ ਰਾਜਾਂ ਅਤੇ ਕੇਂਦਰ ਸਰਕਾਰ ਦਾ ਪੱਕਾ ਕਰਮਚਾਰੀ ਹੈ ਤਾਂ ਉਸ ਲਈ ਉਮਰ ਦੀ ਹੱਦ 45 ਸਾਲ ਤੱਕ ਹੋਵੇਗੀ।
- ਦਿਵਿਆਂਗ ਸ਼੍ਰੇਣੀ ਨਾਲ ਸਬੰਧਤ ਉਮੀਦਵਾਰਾਂ ਨੂੰ ਉੱਪਰਲੀ ਉਮਰ ਸੀਮਾ ਵਿੱਚ ਵੱਧ ਤੋਂ ਵੱਧ 10 ਸਾਲ ਦੀ ਛੋਟ ਹੋਵੇਗੀ।

**2. ਵਿੱਦਿਅਕ ਯੋਗਤਾ ਅਤੇ ਤਜਰਬਾ**

- ਬਿਨੈਕਾਰ ਨੇ ਮਾਨਤਾ ਪ੍ਰਾਪਤ ਵਿੱਦਿਅਕ ਸੰਸਥਾ ਤੋਂ ਮਿਡਲ ਕਲਾਸ ਦੀ ਪ੍ਰੀਖਿਆ ਪੰਜਾਬੀ ਭਾਸ਼ਾ ਦੇ ਵਿਸ਼ੇ ਨਾਲ ਪਾਸ ਕੀਤੀ ਹੋਵੇ।

**ਨੋਟ:-**

- ਬਿਨੈਕਾਰ ਆਨਲਾਈਨ ਅਰਜ਼ੀ ਫਾਰਮ ਭਰਨ ਦੀ ਆਖਰੀ ਮਿਤੀ ਤੱਕ ਅਸਾਮੀ ਨਾਲ ਸੰਬੰਧਤ ਯੋਗਤਾ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹੋਵੇ।

**3. ਰਾਖਵਾਂਕਰਨ ਲਾਭ**

✓ ਰਾਖਵੀਂ ਸ਼੍ਰੇਣੀ ਦਾ ਲਾਭ ਲੈਣ ਵਾਲਾ ਉਮੀਦਵਾਰ ਪੰਜਾਬ ਰਾਜ ਦਾ ਵਸਨੀਕ ਹੋਵੇ;

✓ ਰਾਖਵੀਂ ਸ਼੍ਰੇਣੀ ਨਾਲ ਸਬੰਧਤ ਉਮੀਦਵਾਰਾਂ ਲਈ ਸਮਰੱਥ ਅਥਾਰਟੀ ਵੱਲੋਂ ਜਾਰੀ ਕੈਟਾਗਿਰੀ ਸਰਟੀਫਿਕੇਟ ਅਪਲੋਡ/ਪੇਸ਼ ਕਰਨਾ ਲਾਜ਼ਮੀ ਹੋਵੇਗਾ;

✓ ਦਿਵਿਆਂਗ ਸ਼੍ਰੇਣੀ ਦਾ ਲਾਭ ਲੈਣ ਵਾਲੇ ਉਮੀਦਵਾਰਾਂ ਪੰਜਾਬ ਦੇ ਵਸਨੀਕ ਹੋਣੇ ਚਾਹੀਦੇ ਹਨ ਅਤੇ ਇਸ ਸੰਦਰਭ ਵਿੱਚ ਉਮੀਦਵਾਰ ਨੂੰ ਪੰਜਾਬ ਸਰਕਾਰ ਦੇ ਵਿਭਾਗ ''ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ ਵਿਭਾਗ'' ਦੀ ਨੋਟੀਫਿਕੇਸ਼ਨ ਨੰਬਰ 1/1/2017/3DC/1588894/1 ਮਿਤੀ 03.10.2019 ਅਨੁਸਾਰ ਸਮਰੱਥ ਅਥਾਰਟੀ ਵੱਲੋਂ ਜਾਰੀ ਕੈਟਾਗਿਰੀ ਸਰਟੀਫਿਕੇਟ ਅਪਲੋਡ/ਪੇਸ਼ ਕਰਨਾ ਜ਼ਰੂਰੀ ਹੈ। ਦਿਵਿਆਂਗ ਸ਼੍ਰੇਣੀ ਦੀ ਅਸਾਮੀ ਕੇਵਲ ਉਹਨਾਂ ਉਮੀਦਵਾਰਾਂ ਲਈ ਰਾਖਵੀਂ ਹੋਵੇਗੀ ਜੋ ਕਿ ਭਾਰਤ ਸਰਕਾਰ ਦੀ ਨੋਟੀਫਿਕੇਸ਼ਨ ਨੰਬਰ 38-16/2020-DD-III ਮਿਤੀ 04.01.2021 ਅਤੇ ਪੰਜਾਬ ਸਰਕਾਰ ਦੁਆਰਾ ਪੱਤਰ ਨੰਬਰ 3/9/2021-3DS/452 ਮਿਤੀ 04.06.2021 ਦੀਆਂ ਸ਼ਰਤਾਂ ਪੂਰੀਆਂ ਕਰਦੇ ਹੋਣ।

**4. ਤਨਖਾਹ ਸਕੇਲ**

7ਵੇਂ ਕੇਂਦਰੀ ਤਨਖਾਹ ਕਮਿਸ਼ਨ ਅਧੀਨ ਜਾਰੀ ਤਨਖਾਹ ਮੈਟ੍ਰਿਕਸ ਅਨੁਸਾਰ ਘੱਟੋ-ਘੱਟ ਤਨਖਾਹ 18000/- ਰੁਪਏ ਇਸ ਸ਼ਰਤ ਹੋਵੇਗੀ ਕਿ ਰਾਜ ਸਰਕਾਰ ਦੁਆਰਾ ਪੱਤਰ ਨੰਬਰ 7/204/2012-4FP1/60 ਮਿਤੀ 15.01.2015 ਅਤੇ ਨੰਬਰ 7/204/2012-4FP1/853793 ਮਿਤੀ 04.10.2016 ਦੁਆਰਾ ਜਾਰੀ ਨਿਰਦੇਸ਼ ਸਮੇਤ ਸੋਧਾਂ ਲਾਗੂ ਹੋਣਗੇ।

**5. ਚੋਣ ਮਾਪਦੰਡ**

**ਪੜਾਅ** 1- ਉਮੀਦਵਾਰਾਂ ਨੂੰ ਘੱਟੋ-ਘੱਟ 50% ਅੰਕਾਂ ਨਾਲ ਮਿਡਲ ਪੱਧਰ ਦੀ ਪੰਜਾਬੀ ਭਾਸ਼ਾ ਦੀ ਪ੍ਰੀਖਿਆ ਪਾਸ ਕਰਨੀ ਲਾਜ਼ਮੀ ਹੋਵੇਗੀ।

**ਪੜਾਅ** 2- ਪੰਜਾਬੀ ਭਾਸ਼ਾ ਪ੍ਰੀਖਿਆ ਪਾਸ ਕਰਨ ਵਾਲੇ ਉਮੀਦਵਾਰਾਂ ਨੂੰ ਹੀ 'ਆਮ ਯੋਗਤਾ, ਵਿਵਹਾਰ, ਪਹਿਰਾਵਾ ਅਤੇ ਵਿਵਹਾਰ ਮੁਲਾਂਕਣ' ਲਈ ਬੁਲਾਇਆ ਜਾਵੇਗਾ।

ਨਿਰਧਾਰਤ ਮਾਪਦੰਡਾਂ ਦੇ ਅਧਾਰ ਤੇ ਅਰਜੀਆਂ ਨੂੰ ਸ਼ਾਰਟਲਿਸਟ ਕਰਨ ਦਾ ਅਧਿਕਾਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਕੋਲ ਰਾਖਵਾਂ ਹੋਵੇਗਾ।

ਨੋਟ:- **ਉਪਰੋਕਤ ਟੈਸਟਾਂ ਦੀਆਂ ਤਰੀਕਾਂ ਅਤੇ ਸਥਾਨ ਸਬੰਧੀ ਸੂਚਨਾ ਵੱਖਰੇ ਜਨਤਕ ਨੋਟਿਸਾਂ ਰਾਹੀਂ ਦਿੱਤੀ ਜਾਵੇਗਾ ਜੋ ਕਿ ਵਿਭਾਗ ਦੀ ਅਧਿਕਾਰਿਤ ਵੈਬਸਾਈਟ ਤੇ ਪੋਸਟ ਕੀਤੇ ਜਾਣਗੇ।**

**6. ਅਪਲਾਈ ਕਰਨ ਦੀ ਵਿਧੀ-**

ਉਮੀਦਵਾਰ ਕੇਵਲ ਆਨਲਾਈਨ ਅਰਜ਼ੀ ਫਾਰਮ ਹੀ ਭਰਨਗੇ ਜਿਸਦਾ ਲਿੰਕ ਸਟੇਟ ਅਥਾਰਟੀ ਦੀ ਵੈੱਬਸਾਈਟ **https://pulsa.punjab.gov.in** ਤੇ ਉਪਲੱਬਧ ਹੈ। ਅਰਜ਼ੀ ਫਾਰਮ ਦੇ ਨਾਲ-ਨਾਲ ਉਮੀਦਵਾਰ ਵੱਲੋਂ ਹੇਠ ਲਿਖੇ ਦਸਤਾਵੇਜ਼ ਵੀ ਅਪਲੋਡ ਕਰਨੇ ਜ਼ਰੂਰੀ ਹੋਣਗੇ:-

- ✓ ਅੱਠਵੀਂ/ਦਸਵੀਂ ਪਾਸ ਸਰਟੀਫਿਕੇਟ;
- ✓ ਜਨਮ ਮਿਤੀ ਸਰਟੀਫਿਕੇਟ;
- ✓ ਅੱਠਵੀਂ ਤੋਂ ਉੱਪਰ (ਜੇਕਰ ਹੋਵੇ) ਯੋਗਤਾ ਦੇ ਸਰਟੀਫਿਕੇਟ;
- ✓ ਰਾਖਵੀਂ ਸ਼੍ਰੇਣੀ ਦੇ ਉਮੀਦਵਾਰਾਂ ਲਈ ਪੰਜਾਬ ਰਾਜ ਦੇ ਵਸਨੀਕ ਹੋਣ ਦਾ ਸਰਟੀਫਿਕੇਟ;
- ✓ ਰਾਖਵੀਂ ਸ਼੍ਰੇਣੀ ਦੇ ਉਮੀਦਵਾਰਾਂ ਲਈ ਸਮਰੱਥ ਅਥਾਰਟੀ ਵੱਲੋਂ ਜਾਰੀ ਕੈਟਾਗਿਰੀ ਸਰਟੀਫਿਕੇਟ;
- ✓ ਜੇਕਰ ਉਮੀਦਵਾਰ ਪਹਿਲਾਂ ਤੋਂ ਸਰਕਾਰੀ ਵਿਭਾਗ ਵਿੱਚ ਕੰਮ ਕਰਦਾ ਹੈ ਤਾਂ ਸਬੰਧਤ ਵਿਭਾਗ ਵੱਲੋਂ ਜਾਰੀ ਐੱਨ.ਓ.ਸੀ.;

**ਨੋਟ:-**

• ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਨਲਾਈਨ ਅਰਜ਼ੀ ਫਾਰਮ ਵਿੱਚ ਵੇਰਵੇ ਧਿਆਨ ਨਾਲ ਭਰੇ। ਉਮੀਦਵਾਰ ਇੱਕ ਵਾਰੀ ਆਨਲਾਈਨ ਅਰਜ਼ੀ ਫਾਰਮ ਜਮ੍ਹਾਂ ਕਰਨ ਤੋਂ ਬਾਅਦ ਇਸ ਵਿੱਚ ਕੋਈ ਬਦਲਾਅ ਨਹੀਂ ਕਰ ਸਕੇਗਾ ਅਤੇ ਉਮੀਦਵਾਰ ਆਨਲਾਈਨ ਅਰਜ਼ੀ ਫਾਰਮ ਵਿੱਚ ਭਰੇ ਵੇਰਵਿਆਂ ਵਿੱਚ ਹੋਈ ਕਿਸੇ ਵੀ ਤਰਾਂ ਦੀ ਗਲਤੀ ਲਈ ਖੁਦ ਜ਼ਿੰਮੇਵਾਰ ਹੋਵੇਗਾ।

• ਉਮੀਦਵਾਰ ਦੁਆਰਾ ਇੱਕ ਵਾਰ ਭਰੀ ਗਈ ਕੈਟਾਗਿਰੀ ਨੂੰ ਕਿਸੇ ਵੀ ਸੂਰਤ ਵਿੱਚ ਬਦਲਿਆ ਨਹੀਂ ਜਾਵੇਗਾ।

**7. ਹੋਰ ਨਿਯਮ ਅਤੇ ਸ਼ਰਤਾਂ**

ਬਿਨੈਕਾਰ ਇਸ਼ਤਿਹਾਰ ਦੇ ਪ੍ਰਕਾਸ਼ਨ ਦੀ ਮਿਤੀ ਨੂੰ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਦਾ ਹੋਵੇ:-

(i) ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਨਲਾਈਨ ਅਰਜ਼ੀ ਫਾਰਮ ਭਰਨ ਤੋਂ ਪਹਿਲਾਂ ਇਸ਼ਤਿਹਾਰ ਨੂੰ ਚੰਗੀ ਤਰਾਂ ਪੜ੍ਹਨ।

(ii) ਰਾਖਵੀਂ ਸ਼੍ਰੇਣੀ ਦੇ ਉਮੀਦਵਾਰਾਂ ਲਈ ਪੰਜਾਬ ਰਾਜ ਦੇ ਵਸਨੀਕ ਹੋਣ ਦਾ ਸਰਟੀਫਿਕੇਟ ਦੇਣਾ ਲਾਜ਼ਮੀ ਹੋਵੇਗਾ ਅਤੇ ਰਿਹਾਇਸ਼ੀ ਸਰਟੀਫਿਕੇਟ ਦੀ ਕਾਪੀ ਅਰਜ਼ੀ ਫਾਰਮ ਨਾਲ ਅਪਲੋਡ ਕਰਨੀ ਲਾਜ਼ਮੀ ਹੋਵੇਗੀ।

(iii) ਅਧੂਰਾ ਅਰਜ਼ੀ ਫਾਰਮ ਰੱਦ ਕਰ ਦਿੱਤਾ ਜਾਵੇਗਾ ਅਤੇ ਇਸ ਸਬੰਧ ਵਿੱਚ ਕੋਈ ਪੱਤਰ ਵਿਹਾਰ ਨਹੀਂ ਕੀਤਾ ਜਾਵੇਗਾ।

(iv) ਕਿਸੇ ਵੀ ਸੂਰਤ ਵਿੱਚ ਆਖਰੀ ਮਿਤੀ ਤੋਂ ਬਾਅਦ ਪ੍ਰਾਪਤ ਹੋਈਆਂ ਅਰਜ਼ੀਆਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ। ਆਨਲਾਈਨ ਅਰਜ਼ੀਆਂ ਤੋਂ ਇਲਾਵਾ ਕਿਸੇ ਹੋਰ ਵਿਧੀ ਰਾਹੀਂ ਦਰਖਾਸਤ ਫਾਰਮ ਸਵੀਕਾਰ ਨਹੀਂ ਕੀਤਾ ਜਾਵੇਗਾ।

(v) ਬਿਨੈਕਾਰ ਆਪਣੇ ਪੱਧਰ ਤੇ ਢੁੱਕਵੀਂ ਇੰਟਰਨੈੱਟ ਸਹੂਲਤ ਸੁਨਿਸ਼ਚਿਤ ਕਰੇਗਾ ਤਾਂ ਜੋ ਉਹ ਭਰਤੀ ਪ੍ਰਕਿਰਿਆ ਦੇ ਸੰਦਰਭ ਵਿੱਚ ਸਮੇਂ-ਸਮੇਂ ਤੇ ਰਾਜ ਅਥਾਰਟੀ ਦੀ ਵੈੱਬਸਾਈਟ '**https://pulsa.punjab.gov.in**' ਤੇ ਪੋਸਟ ਕੀਤੀ ਜਾਣਕਾਰੀ ਤੋਂ ਜਾਣੂ ਹੋ ਸਕੇ।

(vi) ਬਿਨੈਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਮੋਬਾਈਲ ਨੰਬਰ/ਈਮੇਲ ਆਈਡੀ ਵਿੱਚ ਕੋਈ ਤਬਦੀਲੀ ਨਾ ਕਰੇ ਜੋ ਕਿ ਉਸ ਵੱਲੋਂ ਆਪਣੇ ਆਨਲਾਈਨ ਅਰਜੀ ਫਾਰਮ ਵਿੱਚ ਭਰੇ ਗਏ ਹਨ।

(vii) ਬਿਨੈਕਾਰਾਂ ਨੂੰ ਇਹ ਵੀ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਭਵਿੱਖ ਵਿੱਚ ਕਿਸੇ ਵੀ ਉਲਝਣ ਤੋਂ ਬਚਣ ਲਈ ਆਪਣੇ ਤੋਂ ਇਲਾਵਾ ਕਿਸੇ ਹੋਰ ਵਿਅਕਤੀ ਦਾ ਮੋਬਾਈਲ ਨੰਬਰ/ਈਮੇਲ ਆਈਡੀ ਨਾ ਦੇਵੇ। ਸਟੇਟ ਲੀਗਲ ਸਰਵਿਸਿਜ਼ ਅਥਾਰਟੀ ਵੱਲੋਂ ਇਸ ਭਰਤੀ ਪ੍ਰਕਿਰਿਆ ਸਬੰਧੀ ਕੋਈ ਵੀ ਜਾਣਕਾਰੀ (ਵੈਬਸਾਈਟ ਰਾਹੀਂ/ਉਮੀਦਵਾਰ ਦੇ ਮੋਬਾਈਲ ਨੰਬਰ ਤੇ/ਉਮੀਦਵਾਰ ਦੇ ਈ-ਮੇਲ ਆਈ.ਡੀ. ਤੇ), ਜੇਕਰ ਕਿਸੇ ਵੀ ਕਾਰਨ ਉਮੀਦਵਾਰ ਤੱਕ ਨਹੀਂ ਪਹੁੰਚਦੀ ਹੈ, ਤਾਂ ਉਸ ਲਈ ਵਿਭਾਗ ਦੀ ਕੋਈ ਜ਼ਿੰਮੇਵਾਰ ਨਹੀਂ ਹੋਵੇਗੀ। ਇਹ ਉਮੀਦਵਾਰ ਦੀ ਜ਼ਿੰਮੇਵਾਰੀ ਹੋਵੇਗੀ ਕਿ ਵਿਭਾਗ ਵੱਲੋਂ ਸਮੇਂ-ਸਮੇਂ ਤੇ ਵੈੱਬਸਾਈਟ ਤੇ ਇਸ ਭਰਤੀ ਪ੍ਰਕਿਰਿਆ ਸਬੰਧੀ ਪੋਸਟ ਕੀਤੀ ਗਈ ਹਰ ਤਰ੍ਹਾਂ ਦੀ ਮਹੱਤਵਪੂਰਨ ਜਾਣਕਾਰੀ ਤੋਂ ਆਪਣੇ ਆਪ ਨੂੰ ਜਾਣੂ ਕਰਵਾਏ।

(viii) ਬਿਨੈਕਾਰ ਆਨਲਾਈਨ ਦਰਖਾਸਤ ਫਾਰਮ ਭਰਨ ਤੋਂ ਪਹਿਲਾਂ ਇਸ ਸੁਨਿਸ਼ਚਿਤ ਕਰੇ ਕਿ ਉਸ ਵੱਲੋਂ ਭਰੇ ਗਏ ਸਾਰੇ ਕਾਲਮ ਠੀਕ ਹਨ। ਆਨਲਾਈਨ ਦਰਖਾਸਤ ਫਾਰਮ ਵਿੱਚ ਸਹੀ ਵੇਰਵੇ ਭਰਨ ਦੀ ਜ਼ਿੰਮੇਵਾਰੀ ਬਿਨੈਕਾਰ ਦੀ ਹੋਵੇਗੀ। ਜੇਕਰ ਕਿਸੇ ਵੀ ਪੜਾਅ ਤੇ ਬਿਨੈਕਾਰ ਵੱਲੋਂ ਅਰਜ਼ੀ ਫਾਰਮ ਵਿੱਚ ਭਰੇ ਗਏ ਵੇਰਵੇ ਗਲਤ ਪਾਏ ਜਾਂਦੇ ਹਨ, ਤਾਂ ਉਹ ਸਿਵਲ ਕਾਨੂੰਨ ਦੇ ਤਹਿਤ ਨਤੀਜਿਆਂ ਤੋਂ ਇਲਾਵਾ ਅਪਰਾਧਿਕ ਮੁਕੱਦਮੇ ਲਈ ਜ਼ਿੰਮੇਵਾਰ ਹੋਵੇਗਾ।

(ix) ਕਿਸੇ ਵੀ ਸੂਰਤ ਵਿੱਚ ਬਿਨੈਕਾਰ ਨੂੰ ਆਨਲਾਈਨ ਅਰਜ਼ੀ ਫਾਰਮ ਵਿੱਚ ਦਿੱਤੇ ਵੇਰਵਿਆਂ ਨੂੰ ਬਦਲਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

(x) ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਕੋਲ ਕਿਸੇ ਵੀ ਪੜਾਅ ਤੇ ਖਾਲੀ ਅਸਾਮੀਆਂ ਦੀ ਗਿਣਤੀ ਵਧਾਉਣ ਜਾਂ ਘਟਾਉਣ ਦਾ ਅਧਿਕਾਰ ਰਾਖਵਾਂ ਹੋਵੇਗਾ।

(xi) ਭਰਤੀ ਪ੍ਰਕਿਰਿਆ ਦੇ ਸਾਰੇ ਪੜਾਵਾਂ ਤੇ ਉਮੀਦਵਾਰਾਂ ਦਾ ਦਾਖਲਾ ਪੂਰੀ ਤਰ੍ਹਾਂ ਆਰਜ਼ੀ ਹੋਵੇਗਾ ਅਤੇ ਇਸਦੇ ਸਮਰਥਨ ਵਿੱਚ ਦਸਤਾਵੇਜ਼ੀ ਸਬੂਤ ਪੇਸ਼ ਕਰਕੇ ਸਾਰੀਆਂ ਨਿਰਧਾਰਤ ਯੋਗਤਾ ਸ਼ਰਤਾਂ ਦੀ ਸੰਤੁਸ਼ਟੀ ਦੇ ਅਧੀਨ ਹੋਵੇਗਾ। ਜੇਕਰ ਕਿਸੇ ਵੀ ਸਮੇਂ ਤਸਦੀਕ ਕਰਨ ਤੇ ਭਾਵ ਭਰਤੀ ਪ੍ਰਕਿਰਿਆ ਦੌਰਾਨ, ਪਹਿਲਾਂ ਜਾਂ ਬਾਅਦ ਵਿੱਚ ਜਾਂ ਨਿਯੁਕਤੀ ਤੋਂ ਬਾਅਦ ਵੀ ਇਹ ਪਾਇਆ ਜਾਂਦਾ ਹੈ ਕਿ ਉਮੀਦਵਾਰ ਨੇ ਗਲਤ ਜਾਣਕਾਰੀ ਦਿੱਤੀ ਹੈ ਜਾਂ ਉਮੀਦਵਾਰ ਅਯੋਗ ਪਾਇਆ ਗਿਆ ਹੈ, ਤਾਂ ਉਸਦੀ ਉਮੀਦਵਾਰੀ ਤੁਰੰਤ ਪ੍ਰਭਾਵ ਤੋਂ ਰੱਦ ਮੰਨੀ ਜਾਵੇਗੀ।

(xii) ਬਿਨੈਕਾਰ ਨੂੰ ਕੋਈ ਵੀ ਦਸਤਾਵੇਜ਼ ਪੇਸ਼ ਕਰਨ ਲਈ ਵਾਧੂ ਸਮਾਂ ਨਹੀਂ ਦਿੱਤਾ ਜਾਵੇਗਾ। ਅਸਲ ਦਸਤਾਵੇਜ਼ ਸਮੇਂ ਸਿਰ ਪੇਸ਼ ਨਾ ਕਰਨ ਤੇ ਉਮੀਦਵਾਰੀ ਰੱਦ ਸਮਝੀ ਜਾਵੇਗੀ।

(xiii) ਆਨਲਾਈਨ ਦਰਖਾਸਤ ਫਾਰਮ ਭਰਨ ਦੀ ਆਖਰੀ ਮਿਤੀ ਤੋਂ ਬਾਅਦ ਤਿਆਰ ਕੀਤਾ ਗਿਆ ਕੋਈ ਵੀ ਦਸਤਾਵੇਜ਼ ਸਵੀਕਾਰ ਨਹੀਂ ਕੀਤਾ ਜਾਵੇਗਾ।

(xiv) ਪਰਖ ਕਾਲ ਦੌਰਾਨ ਮਿਲਣਯੋਗ ਤਨਖਾਹ/ਭੱਤਿਆਂ ਸਬੰਧੀ ਪੰਜਾਬ ਸਰਕਾਰ ਵੱਲੋਂ ਜਾਰੀ ਹਦਾਇਤਾਂ ਬਾਬਤ ਪੱਤਰ ਨੰਬਰ 7/204/2012-4FP1/66 ਮਿਤੀ 15.01.2015 ਲਾਗੂ ਹੋਣਗੀਆਂ। ਇਸ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਸੇਵਾ ਸ਼ਰਤਾਂ ਸਬੰਧੀ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਵੀ ਇੰਨਬਿੰਨ ਲਾਗੂ ਹੋਣਗੀਆਂ।

(xv) ਪੰਜਾਬ ਸਰਕਾਰ ਦੇ ਹੋਰ ਵਿਭਾਗਾਂ ਵਿੱਚ ਪਹਿਲਾਂ ਤੋਂ ਕੰਮ ਕਰ ਰਹੇ ਉਮੀਦਵਾਰਾਂ ਨੂੰ ਵਿਭਾਗੀ ਮੁੱਖੀ ਵੱਲੋਂ ਜਾਰੀ '**NOC**' ਅਪਲੋਡ ਕਰਨਾ ਲਾਜ਼ਮੀ ਹੋਵੇਗਾ।

(xvi) ਆਰਥਿਕ ਤੌਰ ਤੇ ਕਮਜ਼ੋਰ ਵਰਗ (EWS) ਕੈਟਾਗਰੀ ਅਧੀਨ ਰਾਖਵਾਂਕਰਨ ਦਾ ਦਾਅਵਾ ਕਰਨ ਵਾਲੇ ਉਮੀਦਵਾਰਾਂ ਨੂੰ ਪੰਜਾਬ ਸਰਕਾਰ ਦੇ ਸਮਾਜਿਕ ਨਿਆਂ, ਸਸ਼ਕਤੀਕਰਨ ਅਤੇ ਘੱਟ ਗਿਣਤੀ ਵਿਭਾਗ (ਰਿਜ਼ਰਵੇਸ਼ਨ ਸੈੱਲ) ਦੁਆਰਾ ਪੱਤਰ ਨੰਬਰ 1/16/2019-RC1/116 ਮਿਤੀ 14.05.2019 ਰਾਹੀਂ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਜਾਰੀ ਹਦਾਇਤਾਂ (ਸਮੇਤ ਸੋਧਾਂ ਜੇਕਰ ਕੋਈ ਹੋਵੇ), ਅਨੁਸਾਰ ਸਰਟੀਫਿਕੇਟ ਅਪਲੋਡ ਕਰਨਾ ਲਾਜ਼ਮੀ ਹੋਵੇਗਾ।

(xvii) ਕਿਸੇ ਵੀ ਵਿਭਾਗ/ਕਾਰਪੋਰੇਸ਼ਨ/ਬੋਰਡ/ਖੁਦ ਮੁਖਤਿਆਰ ਸੰਸਥਾ ਵਿੱਚ ਠੇਕੇ/ਐਡ-ਹਾਕ ਆਧਾਰ ਤੇ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਰਾਜ/ਕੇਂਦਰ ਸਰਕਾਰ ਦਾ ਕਰਮਚਾਰੀ ਨਹੀਂ ਮੰਨਿਆ ਜਾਵੇਗਾ।

(xviii) ਚੁਣੇ ਗਏ ਉਮੀਦਵਾਰਾਂ ਨੂੰ ਪੰਜਾਬ ਰਾਜ ਦੇ ਕਿਸੇ ਵੀ ਜ਼ਿਲ੍ਹੇ ਵਿੱਚ ਤੈਨਾਤ/ਤਬਾਦਲਾ ਕੀਤਾ ਜਾ ਸਕਦਾ ਹੈ।

(xix) '**ਪੰਜਾਬੀ ਭਾਸ਼ਾ ਪ੍ਰੀਖਿਆ**' ਅਤੇ '**ਆਮ ਯੋਗਤਾ, ਵਿਵਹਾਰ, ਪਹਿਰਾਵਾ ਅਤੇ ਵਿਵਹਾਰ ਮੁਲਾਂਕਣ**' ਜਾਂ ਫਿਰ ਸਟੇਟ ਅਥਾਰਟੀ ਵੱਲੋਂ ਇਸ ਭਰਤੀ ਪ੍ਰਕਿਰਿਆ ਦੇ ਸੰਦਰਭ ਵਿੱਚ ਬੁਲਾਏ ਜਾਣ ਤੇ ਹਾਜ਼ਰ ਹੋਣ ਵਾਲੇ ਉਮੀਦਵਾਰਾਂ ਨੂੰ ਕੋਈ ਟੀਏ/ਡੀਏ ਨਹੀਂ ਦਿੱਤਾ ਜਾਵੇਗਾ।

(xx) ਇਸ ਭਰਤੀ ਪ੍ਰਕਿਰਿਆ ਸੰਬੰਧੀ ਸਾਰੀਆਂ ਘੋਸ਼ਣਾਵਾਂ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਅਧਿਕਾਰਤ ਵੈੱਬਸਾਈਟ **https://pulsa.punjab.gov.in** ਰਾਹੀਂ ਕੀਤੀਆਂ ਜਾਣਗੀਆਂ। ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਵਿਭਾਗ ਦੀ ਵੈੱਬਸਾਈਟ ਤੇ ਸਮੇਂ-ਸਮੇਂ ਤੇ ਪੋਸਟ ਕੀਤੀ ਜਾਣ ਵਾਲੀ ਜਾਣਕਾਰੀ ਤੋਂ ਆਪਣੇ ਆਪ ਨੂੰ ਜਾਣੂ ਰੱਖਣ। ਅਧਿਕਾਰਤ ਵੈੱਬਸਾਈਟ ਤੇ ਇਸ ਭਰਤੀ ਪ੍ਰਕਿਰਿਆ ਸਬੰਧੀ ਸਮੇਂ-ਸਮੇਂ ਤੇ ਪਾਈ ਗਈ ਜਾਣਕਾਰੀ ਤੋਂ ਉਮੀਦਵਾਰ ਦੇ ਅਣਜਾਣ ਰਹਿਣ ਦੀ ਜ਼ਿੰਮੇਵਾਰੀ ਵਿਭਾਗ ਦੀ ਨਹੀਂ ਹੋਵੇਗੀ।

(xxi) ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਕੋਲ ਉਪਰੋਕਤ ਦਰਸਾਈਆਂ ਸ਼ਰਤਾਂ ਵਿੱਚੋਂ ਕਿਸੇ ਵੀ ਸ਼ਰਤ ਨੂੰ ਜੋੜਨ ਜਾਂ ਘਟਾਉਣ ਦਾ ਅਧਿਕਾਰ ਰਾਖਵਾਂ ਰਹੇਗਾ।

ਮਿਤੀ:- 20.06.2025

ਸਹੀ/-

ਮੈਂਬਰ ਸਕੱਤਰ